**ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ**
**ਛੇਵੀਂ ਮੰਜਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਮੋਹਾਲੀ, ਪੰਜਾਬ**

ਵੱਲ:

ਸਮੂਹ ਪ੍ਰਿੰਸੀਪਲ ਡਾਇਟ,
ਪੰਜਾਬ।

**ਮੀਮੋ ਨੰ:** 311/SDP/SCERT/2020
**ਮਿਤੀ,ਐਸ.ਏ.ਐਸ ਨਗਰ:** 24.01.2020

**ਵਿਸ਼ਾ:-** **ਗਣਤੰਤਰਤਾ ਦਿਵਸ- 26 ਜਨਵਰੀ, 2020 ਮਨਾਉਣ ਬਾਰੇ।**

ਹਵਾਲਾ:- ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ, ਰਾਜਨੀਤੀ-1 ਸ਼ਾਖਾ) ਦੇ ਪੱਤਰ ਨੰ: GAD-POLOCELB/4/2019-1POL-1/E7391/20 ਮਿਤੀ: 07/01/2020 ਦੇ ਸੰਬੰਧ ਵਿੱਚ।

ਉਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੰਜਾਬ ਰਾਜ ਵਿੱਚ ਗਣਤੰਤਤਰਤਾ ਦਿਵਸ 26 ਜਨਵਰੀ, 2020 ਨੂੰ ਢੁੱਕਵੇਂ ਅਤੇ ਸ਼ਾਨਦਾਰ ਢੰਗ ਨਾਲ ਮਨਾਇਆ ਜਾਵੇ। ਇਸ ਮੌਕੇ 'ਤੇ ਉਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹੇਠ ਅਨੁਸਾਰ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

1. ਸਰਕਾਰੀ ਇਮਾਰਤਾਂ 'ਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਵੇ। ਇਸ ਅਵਸਰ ਤੇ ਜਨਤਾ ਨੂੰ ਆਪਣੇ ਘਰਾਂ ਤੇ ਰਾਸ਼ਟਰੀ ਝੰਡਾ ਲਹਿਰਾਉਣ ਸੰਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।
2. ਮਾਰਚ ਪਾਸਟ ਦੀ ਰਸਮ ਵਿੱਚ ਸੰਬੰਧਤ ਸੰਸਥਾਵਾਂ ਦੀ ਐਨ.ਸੀ.ਸੀ. ਵੀ ਭਾਗ ਲਵੇ।
3. ਇਸ ਅਵਸਰ 'ਤੇ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਤੋਂ ਇਲਾਵਾ, ਕਵੀ ਦਰਬਾਰ, ਮੁਸ਼ਾਇਰਿਆਂ ਅਤੇ ਰਾਸ਼ਟਰੀ ਨੇਤਾਵਾਂ ਸੰਬੰਧੀ ਕੌਮੀ ਕਵਿਤਾਵਾਂ ਤੇ ਗੀਤਾਂ ਤੇ ਗਾਇਨ ਵਰਗੇ ਸਮਾਰੋਹਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਸੁੰਤਤਰਤਾ ਅਤੇ ਕੌਮੀ ਰੱਖਿਆ ਸੰਬੰਧੀ ਕਵਿਤਾਵਾਂ ਅਤੇ ਗੀਤਾਂ ਦਾ ਗਾਇਨ ਇਨ੍ਹਾਂ ਸਮਾਰੋਹਾਂ ਦਾ ਇੱਕ ਜ਼ਰੂਰੀ ਅੰਗ ਹੋਵੇ।
4. ਇਸ ਅਵਸਰ 'ਤੇ ਸ਼ਾਮ ਦੇ ਸਮੇਂ ਰੀਲੇਅ ਰੇਸਿਜ਼ ਅਤੇ ਐਗਜ਼ੀਬੀਸ਼ਨ ਮੈਚ ਕਰਵਾਏ ਜਾ ਸਕਦੇ ਹਨ।
5. ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ:- ਹਵਾਲਾ ਅਧੀਨ ਪੱਤਰ ਦੀ ਕਾਪੀ।

**ਇੰਦਰਜੀਤ ਸਿੰਘ**
**ਡਾਇਰੈਕਟਰ ਐਸ.ਸੀ.ਈ.ਆਰ.ਟੀ.,**
**ਪੰਜਾਬ।**

ਪਿੱਠ ਅੰਕਣ ਨੰ: 612 ਮਿਤੀ: 24.01.2020

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਪੰਜਾਬ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ.,**
**ਪੰਜਾਬ।**